ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ
(S.S.S. Board, Punjab)
ਵਣ ਕੰਪਲੈਕਸ, ਸੈਕਟਰ-68, ਐਸ.ਏ.ਐਸ. ਨਗਰ (ਮੋਹਾਲੀ)

## ਜਨਤਕ ਸੂਚਨਾ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵਲੋਂ ਇਸ਼ਤਿਹਾਰ ਨੰ: 05 ਆਫ 2016 ਰਾਹੀਂ ਜਾਰੀ ਕੀਤੀਆਂ ਗਈਆਂ ਡਰਾਈਵਰਾਂ ਦੀਆਂ ਆਸਾਮੀਆਂ ਅਤੇ ਇਸ਼ਤਿਹਾਰ ਨੰ: 01 ਆਫ 2017 ਰਾਹੀਂ ਜਾਰੀ ਕੀਤੀਆਂ ਗਈਆਂ ਚੋਣ ਕਾਨੂੰਨਗੋ ਦੀਆਂ ਆਸਾਮੀਆਂ ਸਬੰਧੀ ਮਿਤੀ 16.09.2018 ਨੂੰ ਲਿਖਤੀ ਟੈਸਟ ਲਿਆ ਗਿਆ ਸੀ। ਇਨ੍ਹਾਂ ਆਸਾਮੀਆਂ ਸਬੰਧੀ ਲਏ ਗਏ ਲਿਖਤੀ ਟੈਸਟਾਂ ਦੀਆਂ 'Provisional Answer Keys' ਬੋਰਡ ਦੀ ਵੈਬਸਾਈਟ www.punjabsssb.gov.in ਤੇ ਮਿਤੀ 19.09.2018 ਨੂੰ ਅਪਲੋਡ ਕਰ ਦਿੱਤੀਆਂ ਗਈਆਂ ਸਨ। ਇਨ੍ਹਾਂ ਲਿਖਤੀ ਟੈਸਟਾਂ ਵਿੱਚ ਅਪੀਅਰ ਹੋਣ ਵਾਲੇ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਉਮੀਦਵਾਰ ਨੂੰ ਕਿਸੇ ਪ੍ਰਸ਼ਨ/ਉੱਤਰ ਸਬੰਧੀ ਕੋਈ ਇਤਰਾਜ ਹੈ ਤਾਂ ਉਹ 100/- ਰੁਪਏ ਪ੍ਰਤੀ ਪ੍ਰਸ਼ਨ ਦੇ ਹਿਸਾਬ ਨਾਲ ਡਿਮਾਂਡ ਡਰਾਫਟ Secretary, SSS Board, Punjab, Mohali ਦੇ ਨਾਮ ਤੇ ਭੇਜਦੇ ਹੋਏ ਆਪਣੇ ਇਤਰਾਜ ਮਿਤੀ 21.09.2018 ਅਤੇ 22.09.2018 ਨੂੰ ਸ਼ਾਮ 5.00 ਵਜੇ ਤੱਕ ਬੋਰਡ ਦੀ ਉਕਤ ਵੈਬਸਾਈਟ ਤੇ ਦਿੱਤੇ ਲਿੰਕ ਤੇ ਜਾ ਕੇ ਦਰਜ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਉਮੀਦਵਾਰ ਆਪਣੀ ਪ੍ਰਤੀਬੇਨਤੀ ਅਤੇ ਅਸਲ ਡਿਮਾਂਡ ਡਰਾਫਟ ਬੋਰਡ ਦਫਤਰ ਵਿਖੇ ਖੁਦ ਜਾਂ ਡਾਕ ਰਾਹੀਂ ਜਮ੍ਹਾਂ ਕਰਵਾਉਣਾ ਯਕੀਨੀ ਬਨਾਉਣਗੇ। ਉਕਤ ਮਿਤੀਆਂ ਦੌਰਾਨ ਪ੍ਰਾਪਤ ਹੋਣ ਵਾਲੇ ਇਤਰਾਜਾਂ ਦਾ ਨਿਪਟਾਰਾ ਕਰਦੇ ਹੋਏ 'Final Answer Key' ਬੋਰਡ ਦੀ ਵੈਬਸਾਈਟ ਤੇ ਅਪਲੋਡ ਕਰਨ ਉਪਰੰਤ ਨਤੀਜਾ ਘੋਸ਼ਿਤ ਕਰ ਦਿੱਤਾ ਜਾਵੇਗਾ।

ਸਹੀ/-
ਮਿਤੀ: 21.09.2018 ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।